**SED-EDU401/87/2024-6EDU4 I/959356/2024**

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ 4 ਸ਼ਾਖਾ)

**(ਪੰਜਾਬ ਦੇ ਰਾਜਪਾਲ ਜੀ ਦੇ ਆਦੇਸ਼)**

ਸ੍ਰੀ ਪਰਵਿੰਦਰ ਸਿੰਘ, ਉੱਪ ਜ਼ਿਲ੍ਹਾ ਸਿੱਖਿਆ ਅਫਸਰ ਫਾਜ਼ਿਲਕਾ (ਐਸਿ) ਨੇ 58 ਸਾਲ ਦੀ ਉਮਰ ਪੂਰੀ ਹੋਣ ਉਪਰੰਤ ਮਿਤੀ 31.10.2024 ਨੂੰ ਸੇਵਾ ਨਿਵਰਿਤ ਹੋਣਾ ਸੀ। ਉਸ ਵੱਲੋਂ ਸਟੇਟ ਐਵਾਰਡੀ ਹੋਣ ਕਾਰਨ ਸਰਕਾਰ ਦੀਆਂ ਹਦਾਇਤਾਂ ਮਿਤੀ 31.03.2023 ਅਧੀਨ ਆਪਣੀ ਸੇਵਾਕਾਲ ਵਿੱਚ ਮਿਤੀ 01.11.2024 ਤੋਂ 31.10.2025 ਤੱਕ ਵਾਧਾ ਲੈਣ ਲਈ ਪੋਰਟਲ ਤੇ ਪ੍ਰਤੀਬੇਨਤੀ ਕੀਤੀ ਸੀ।

2. ਅਧਿਕਾਰੀ ਦੇ ਕੇਸ ਨੂੰ ਵਿਚਾਰਨ ਉਪਰੰਤ ਸਰਕਾਰ ਦੀਆਂ ਹਦਾਇਤਾਂ ਮਿਤੀ 31.03.2023 ਅਧੀਨ ਸ੍ਰੀ ਪਰਵਿੰਦਰ ਸਿੰਘ, ਉੱਪ ਜ਼ਿਲ੍ਹਾ ਸਿੱਖਿਆ ਅਫਸਰ ਫਾਜ਼ਿਲਕਾ (ਐਸਿ) ਨੂੰ ਮਿਤੀ 01.11.2024 ਤੋਂ 31.10.2025 ਤੱਕ ਪੈਂਡਿੰਗ ਇਨਕੁਆਰੀ ਤੇ ਸੇਵਾਕਾਲ ਵਿੱਚ ਵਾਧਾ ਇਸ ਸ਼ਰਤ ਤੇ ਦਿੱਤਾ ਜਾਂਦਾ ਹੈ ਕਿ ਇਸ ਸਮੇਂ ਦੌਰਾਨ ਅਧਿਕਾਰੀ ਨੂੰ ਕੋਈ ਸਲਾਨਾ ਤਰੱਕੀ ਅਤੇ ਪਦਉਨਤੀ ਮਿਲਣਯੋਗ ਨਹੀਂ ਹਵੇਗੀ। ਇਸ ਦੇ ਨਾਲ ਹੀ ਅਧਿਕਾਰੀ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 10 ਤਹਿਤ ਜਾਰੀ ਕੀਤੇ ਗਏ ਕਾਰਨ ਦੱਸੋ ਨੋਟਿਸ ਮਿਤੀ 22.07.2024 ਦੇ ਸਬੰਧ ਵਿੱਚ ਪੜਤਾਲੀਆ ਅਫਸਰ ਪਾਸੋਂ ਰਿਪੋਰਟ ਪ੍ਰਾਪਤ ਹੋਣ ਤੇ ਜੋ ਵੀ ਫੈਸਲਾ ਹੋਵੇਗਾ ਉਸ ਅਨੁਸਾਰ ਜੇਕਰ ਲੋੜ ਹੋਈ ਤਾਂ ਸੇਵਾਕਾਲ ਵਿੱਚ ਦਿੱਤਾ ਗਿਆ ਵਾਧਾ ਮੁੜ ਵਿਚਾਰਨ ਦਾ ਹੱਕ ਸਰਕਾਰ ਪਾਸ ਰਾਖਵਾਂ ਹੋਵੇਗਾ।

ਮਿਤੀ, ਚੰਡੀਗੜ੍ਹ:
30.10.2024

ਕਮਲ ਕਿਸ਼ੋਰ ਯਾਦਵ, ਆਈ.ਐਸ.ਏ.
ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ।

ਪਿੰਠ.ਅੰਕਣ.ਨੰ:/ਉਕਤ ਮਿਤੀ,ਚੰਡੀਗੜ੍ਹ: 04/11/2024

ਉਪਰੋਕਤ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਮਹਾਂਲੇਖਾਕਾਰ (ਲੇਖਾ ਤੇ ਹਕਦਾਰੀ), ਪੰਜਾਬ, ਚੰਡੀਗੜ੍ਹ।
2. ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼ 8 ਮੋਹਾਲੀ।
3. ਜਿਲਾ ਖਜਾਨਾ ਅਫਸਰ, ਫਾਜ਼ਿਲਕਾ
4. ਜਿਲਾ ਸਿੱਖਿਆ ਅਫਸਰ (ਐਲੀ./ਸੈ.ਸਿ.), ਫਾਜ਼ਿਲਕਾ
5. ਡੀ.ਐਮ.ਐਮ.ਆਈ .ਐਸ. ਵਿੰਗ ਦਫਤਰ ਡੀ.ਜੀ.ਐਸ.ਈ. ਪੰਜਾਬ ਨੂੰ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਨਾਂ ਹੁਕਮਾਂ ਨੂੰ ਤੁਰੰਤ ਵਿਭਾਗ ਦੀ ਵੈਬਸਾਇਟ ਤੇ ਅਪਲੋਡ ਕੀਤਾ ਜਾਵੇ।
6. ਸ੍ਰੀ ਪਰਵਿੰਦਰ ਸਿੰਘ, ਉੱਪ ਜ਼ਿਲ੍ਹਾ ਸਿੱਖਿਆ ਅਫਸਰ ਫਾਜ਼ਿਲਕਾ (ਐ.ਸਿ.), ਮਾਰਫਤ ਜਿਲਾ ਸਿੱਖਿਆ ਅਫਸਰ (ਐ.ਸਿ) ਫਾਜ਼ਿਲਕਾ।

(ਸੁਰਜੀਤ ਸਿੰਘ) 4/11
ਸੁਪਰਡੰਟ
4/11/24